# ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
(ਰਿਣ-2 ਸ਼ਾਖਾ)

ਵੱਲ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਪਟਿਆਲਾ ਮੰਡਲ, ਪਟਿਆਲਾ।

ਮੀਮੋ ਨੰ: ਰਸਸ/ਰਿਣ-2/ਸੀ.ਈ.ਏ.1/ਨਿ:ਚਮਕੌਰ ਸਾਹਿਬ/ 10302 ਮਿਤੀ: 29/...

ਵਿਸ਼ਾ:- ਦੀ ਸੰਧੂਆਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਵਿੱਚ ਸੇਲਜਮੈਨ ਦੀ ਨਿਯੁਕਤੀ ਕਰਨ ਦੀ ਪ੍ਰਵਾਨਗੀ ਦੇਣ ਬਾਰੇ।

ਹਵਾਲਾ:- ਆਪ ਜੀ ਦੇ ਦਫਤਰ ਦਾ ਪੱਤਰ ਨੰ:ਅਸ-2/ਜਰਪ/5231 ਮਿਤੀ 16.06.2022

ਦੀ ਸੰਧੂਆਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਵੱਲੋਂ ਮਿਤੀ 31.08.2021 ਨੂੰ ਪਾਸ ਕੀਤੇ ਗਏ ਮਤੇ ਅਤੇ ਆਪ ਵੱਲੋਂ ਹਵਾਲਾ ਅਧੀਨ ਪੱਤਰ ਰਾਹੀਂ ਕੀਤੀ ਗਈ ਸਿਫਾਰਸ਼ ਨੂੰ ਵਿਚਾਰਨ ਉਪਰੰਤ ਸਭਾ ਵਿੱਚ ਇੱਕ ਸੇਲਜਮੈਨ ਡੀ.ਸੀ. ਰੇਟ ਤੇ ਸਿਰਫ ਕੰਟਰੈਕਟ ਬੇਸ ਤੇ ਰੱਖਣ ਦੀ ਪ੍ਰਵਾਨਗੀ, ਰੂਲਜ਼/ਹਦਾਇਤਾਂ ਅਤੇ ਇਸ ਦਫਤਰ ਵੱਲੋਂ ਜਾਰੀ ਪੱਤਰ ਨੰ: ਰਸਸ/ਰਿਣ-2/6601 ਮਿਤੀ 14.8.14। ਦੀ ਰੋਸ਼ਨੀ ਵਿੱਚ, ਹੇਠ ਲਿਖੀਆਂ ਸ਼ਰਤਾਂ ਤੇ ਦਿੱਤੀ ਜਾਂਦੀ ਹੈ:-

1. ਸਭਾ ਵਿੱਚ ਸੇਲਜਮੈਨ ਆਰਜ਼ੀ ਤੌਰ ਤੇ ਹੀ ਰੱਖਿਆ ਜਾਵੇਗਾ। ਜੇਕਰ ਸਭਾ ਕਿਸੇ ਸਮੇਂ ਘਾਟੇ ਵਿੱਚ ਚਲੀ ਜਾਂਦੀ ਹੈ ਤਾਂ ਸਭਾ ਇਸ ਨਿਯੁਕਤੀ ਨੂੰ ਰੱਦ ਕਰੇਗੀ।
2. ਇਸ ਪ੍ਰਵਾਨਗੀ ਉਪਰੰਤ ਸਭਾ ਵਿੱਚ ਕੇਵਲ ਉਹ ਕਰਮਚਾਰੀ ਹੀ ਨਿਯੁਕਤ ਕੀਤਾ ਜਾਵੇਗਾ ਜੋ ਸੋਧੇ ਹੋਏ ਸਰਵਿਸ ਰੂਲਜ਼ ਅਨੁਸਾਰ ਯੋਗਤਾ ਪੂਰੀ ਕਰਦਾ ਹੋਵੇ।
3. ਸਭਾ ਵਿੱਚ ਨਵ-ਨਿਯੁਕਤ ਕਰਮਚਾਰੀ ਨੂੰ Regular Grade ਇਸ ਦਫਤਰ ਦੇ ਪੱਤਰ ਨੰ: ਰਸਸ/ਰਿਣ-2/ਸੀ.ਈ.ਏ.1/ਮੰਗਾਂ/310 ਮਿਤੀ 08.07.2016 ਦੀ ਪਾਲਣਾ ਉਪਰੰਤ ਹੀ ਦਿੱਤੇ ਜਾ ਸਕਦੇ ਹਨ।

ਇਹ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਸਭਾ ਵੱਲੋਂ ਐਗਰੋ ਸਰਵਿਸ ਸੈਂਟਰ ਦੇ ਨਾਲ ਖਾਦ, ਜ਼ਰੂਰੀ ਵਸਤਾਂ, ਐਗਰੋ ਕੈਮੀਕਲਜ਼ ਅਤੇ ਪਸ਼ੂ ਖੁਰਾਕ ਆਦਿ ਦੀ ਵਿਕਰੀ ਕਰਕੇ ਸਭਾ ਦੀ ਆਮਦਨ ਨੂੰ ਵਧਾਇਆ ਜਾਵੇਗਾ। ਕਰਮਚਾਰੀਆਂ ਦੀ ਤਨਖਾਹ ਤੇ ਖਰਚਾ ਰੂਲਜ਼ ਅਨੁਸਾਰ ਹੀ ਕੀਤਾ ਜਾਵੇਗਾ। ਨਿਯੁਕਤੀ ਸਮੇਂ ਇਸ ਦਫਤਰ ਤੋਂ ਜਾਰੀ ਪੱਤਰ ਨੰ:ਰਿਣ/ਸੀ.ਏ-5/8017 ਮਿਤੀ 1.6.2005 ਅਨੁਸਾਰ ਸਰਪਲੱਸ ਸਟਾਫ ਸਬੰਧੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ।

ਇਹ ਪੱਤਰ ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ,ਪੰਜਾਬ, ਚੰਡੀਗੜ੍ਹ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਵਧੀਕ ਰਜਿਸਟਰਾਰ (ਰਿਣ)

ਆਰ.ਏ: 2 13775
5/7/22
05/7/22

ਦਫਤਰ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਸ੍ਰੀ ਚਮਕੌਰ ਸਾਹਿਬ।

ਸੇਵਾ ਵਿਖੇ,

ਮਾਣਯੋਗ ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ।

ਨੰਬਰ ਆਰ.ਕੇ.2/ਸ:ਰ:ਚ/ 2484

ਮਿਤੀ/ 15/11/2022

ਵਿਸ਼ਾ ਦੀ ਸੰਧੂਆਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ: ਵਿਖੇ ਸੇਲਜਮੈਨ ਦੀ ਭਰਤੀ advertisement ਕੋਆਪ੍ਰੇਟਿਵ ਪੋਰਟਲ ਤੇ ਅਪਲੋਡ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਦੀ ਸੰਧੂਆਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ: ਵਿਖੇ ਸੇਲਜਮੈਨ ਦੀ ਭਰਤੀ ਆਰਜੀ ਤੌਰ ਤੇ ਆਪ ਜੀ ਦੇ ਦਫਤਰ ਦੇ ਪੱਤਰ ਨੰ.ਰਸਸ/ਰਿਣ-2ਸੀ.ਈ.ਏ4/ਨਿ:ਚਮਕੌਰ ਸਾਹਿਬ/10802 ਮਿਤੀ 29.06.2022 ਰਾਹੀ ਪ੍ਰਵਾਨਗੀ ਪ੍ਰਾਪਤ ਹੋਈ ਹੈ ਉਕਤ ਹੁਕਮਾ ਦੀ ਪਾਲਣਾ ਕਰਦੇ ਹੋਏ ਸਭਾ ਦੀ ਪ੍ਰਬੰਧਕ ਕਮੇਟੀ ਵਲੋ ਮਤਾ ਪਾਸ ਕਰਕੇ ਯੋਗ ਉਮੀਦਵਾਰਾ ਵਲੋ ਮਿਤੀ 06.12.2022 ਨੂੰ ਸ਼ਾਮ 5:00 ਵਜੇ ਤੱਕ ਅਰਜੀਆ ਦੀ ਮੰਗ ਕੀਤੀ ਅਤੇ ਇੰਟਰਵੀਊ ਦੀ ਮਿਤੀ 12.12.2022 ਨੂੰ ਰੱਖੀ ਗਈ ਹੈ ਇਸ ਸਬੰਧੀ ਸਭਾ ਵੱਲੋਂ ਮਿਤੀ 15.11.2022 ਨੂੰ ਅਜੀਤ ਅਖਬਾਰ ਅਤੇ ਰੋਜਨਾ ਸਪੋਕਸਮੈਨ ਅਖਬਾਰ ਵਿੱਚ advertisement ਵੀ ਦਿੱਤੀ ਹੈ। ਇਸ ਪੱਤਰ ਰਾਹੀ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਦਫਤਰ ਦੇ ਕੋਆਪ੍ਰੇਟਿਵ ਪੋਰਟਲ ਤੇ ਸਬੰਧਤ advertisement ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਨੱਥੀ:- advertisement ਅਜੀਤ ਅਖਬਾਰ ਅਤੇ ਰੋਜਨਾ ਸਪੋਕਸਮੈਨ ਅਖਬਾਰ
ਅਤੇ ਪ੍ਰਵਾਨਗੀ ਦੇ ਪੱਤਰ ਦੀ

15/11/2022

ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ,ਸ੍ਰੀ ਚਮਕੌਰ ਸਾਹਿਬ।

# ਜਨਤਕ ਸੂਚਨਾ

ਦੀ ਸੰਧੂਆਂ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ: (ਸੰਧੂਆ), ਜ਼ਿਲ੍ਹਾ ਰੋਪੜ ਵਿਚ ਆਰਜ਼ੀ ਤੌਰ 'ਤੇ ਸੇਲਜ਼ਮੈਨ ਦੀ ਭਰਤੀ ਲਈ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ। ਦਰਖਾਸਤਾਂ ਦੇਣ ਦੀ ਅੰਤਿਮ ਮਿਤੀ 06-12-2022 ਤੱਕ ਸਭਾ ਦੇ ਦਫ਼ਤਰ ਵਿਚ ਸ਼ਾਮ 5:00 ਵਜੇ ਤੱਕ ਅਤੇ ਇੰਟਰਵਿਊ ਮਿਤੀ 12-12-2022 ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਸਭਾ ਦੇ ਦਫ਼ਤਰ ਵਿਚ ਲਈ ਜਾਵੇਗੀ। ਉਮੀਦਵਾਰ ਦੀ ਉਮਰ ਮਿਤੀ 06-12-2022 ਤੱਕ 18 ਤੋਂ 37 ਸਾਲ ਦੇ ਵਿਚ ਹੋਣੀ ਚਾਹੀਦੀ ਹੈ। ਵਿਦਿਅਕ ਯੋਗਤਾ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਅਤੇ ਸਰਕਾਰ ਵਲੋਂ ਮਾਨਤਾ ਪ੍ਰਾਪਤ ਸੰਸਥਾ ਤੋਂ ਘੱਟ-ਘੱਟ 120 ਘੰਟੇ ਦਾ ਪਰਸਨਲ ਕੰਪਿਊਟਰ ਕੋਰਸ ਕੀਤਾ ਹੋਵੇ। ਉਮੀਦਵਾਰ ਦਾ ਪਿਛੋਕੜ ਪੇਂਡੂ ਹੋਵੇ। ਬਾਕੀ ਦੀਆਂ ਸ਼ਰਤਾਂ ਕੋ: ਆਪ ਐਕਟ ਅਤੇ ਸਰਵਿਸ ਰੂਲਜ਼ ਅਨੁਸਾਰ ਹੋਣਗੀਆਂ। ਹੋਰ ਜਾਣਕਾਰੀ ਲੈਣ ਲਈ ਸਕੱਤਰ ਸਭਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਸਕੱਤਰ ਸਭਾ**
99148-11213

ਪ੍ਰਧਾਨ
ਦੀ ਸੰਧੂਆਂ ਬਹੁ-ਮੰਤਵੀ ਸਹਿਕਾਰੀ
ਖੇਤੀਬਾੜੀ ਸਭਾ ਲਿਮ: (ਸੰਧੂਆਂ)
ਜ਼ਿਲ੍ਹਾ ਰੋਪੜ।

# ਜਨਤਕ ਸੂਚਨਾ

ਦੀ ਸਧੂਆ ਬਹੁ ਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ. (ਸਧੂਆਂ) ਜ਼ਿਲ੍ਹਾ ਰੋਪੜ ਵਿਚ ਆਰਜੀ ਤੌਰ ਤੇ ਸੇਲਜਮੈਨ ਦੀ ਭਰਤੀ ਲਈ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ। ਦਰਖਾਸਤਾ ਦੇਣ ਦੀ ਅੰਤਿਮ ਮਿਤੀ 06.12.2022 ਤੱਕ ਸਭਾ ਦੇ ਦਫਤਰ ਵਿਚ ਸ਼ਾਮ 5.00 ਵਜੇ ਤੱਕ ਅਤੇ ਇੰਟਰਵਿਊ ਮਿਤੀ 12.12.2022 ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1.00 ਵਜੇ ਤੱਕ ਸਭਾ ਦੇ ਦਫਤਰ ਵਿਚ ਲਈ ਜਾਵੇਗੀ। ਉਮੀਦਵਾਰ ਦੀ ਉਮਰ ਮਿਤੀ 06.12.2022 ਤੱਕ 18 ਤੋਂ 37 ਸਾਲ ਦੇ ਵਿਚ ਹੋਣੀ ਚਾਹੀਦੀ ਹੈ। ਵਿਦਿਅਕ ਯੋਗਤਾ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਦੀ ਡਿਗਰੀ ਅਤੇ ਸਰਕਾਰ ਵਲੋਂ ਮਾਨਤਾ ਪ੍ਰਾਪਤ ਸੰਸਥਾ ਤੋਂ ਘੱਟੋ ਘੱਟ 120 ਘੰਟੇ ਦਾ ਪਰਸਨਲ ਕੰਪਿਊਟਰ ਕੋਰਸ ਕੀਤਾ ਹੋਵੇ। ਉਮੀਦਵਾਰ ਦਾ ਪਿਛੋਕੜ ਪੇਂਡੂ ਹੋਵੇ। ਬਾਕੀ ਦੀਆਂ ਸ਼ਰਤਾਂ ਕੋ. ਆਪ ਐਕਟ ਅਤੇ ਸਰਵਿਸ ਰੂਲਜ਼ ਅਨੁਸਾਰ ਹੋਣਗੀਆਂ। ਹੋਰ ਜਾਣਕਾਰੀ ਲੈਣ ਲਈ ਸਕੱਤਰ ਸਭਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਸਕੱਤਰ ਸਭਾ
99148-11213

ਪ੍ਰਧਾਨ
ਦੀ ਸੰਧੂਆ ਬਹੁ ਮੰਤਵੀ ਸਹਿਕਾਰੀ ਖੇਤੀਬਾੜੀ ਸਭਾ
ਲਿਮ. (ਸੰਧੂਆਂ) ਜ਼ਿਲ੍ਹਾ ਰੋਪੜ